# ਪੰਜਾਬ ਸਕੂਲ ਸਿੱਖਿਆ ਬੋਰਡ

## (ਵਿਸ਼ੇਸ਼ ਹਦਾਇਤਾਂ)

**ਪੰਜਵੀਂ, ਅੱਠਵੀਂ, ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਆਨਲਾਈਨ ਰਜਿਸਟਰੇਸ਼ਨ / ਕੰਟੀਨਿਊਸ਼ਨ, ਸਕੂਲ ਟੂ ਸਕੂਲ ਮਾਈਗ੍ਰੇਸ਼ਨ , ਇੰਟਰ ਬੋਰਡ ਮਾਈਗ੍ਰੇਸ਼ਨ ਸਬੰਧੀ ਵਿਸ਼ੇਸ਼ ਹਦਾਇਤਾਂ:-**

1. ਇਸ ਸਾਲ ਨਿਰਧਾਰਤ ਸ਼ਡਿਊਲ ਅਨੁਸਾਰ ਹੀ ਰਜਿਸਟਰੇਸ਼ਨ/ ਕੰਟੀਨਿਊਸ਼ਨ ਕਰਨਾ ਯਕੀਨੀ ਬਣਾਇਆ ਜਾਵੇ ਕਿਉਂਕਿ ਨਿਰਧਾਰਤ ਮਿਤੀ ਤੋਂ ਬਾਅਦ ਸ਼ਡਿਊਲ ਦੀਆਂ ਮਿਤੀਆਂ ਵਿੱਚ ਹੋਰ ਕੋਈ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਸਪਲੀਮੈਂਟਰੀ ਰਜਿਸਟਰੇਸ਼ਨ ਲਈ ਕਿਸੇ ਕਿਸਮ ਦੀ ਕੋਈ ਪ੍ਰਵਾਨਗੀ ਦਿੱਤੀ ਜਾਵੇਗੀ।
2. ਪੰਜਵੀਂ ਅਤੇ ਅੱਠਵੀਂ ਸ਼੍ਰੇਣੀ ਦੇ ਸਰਕਾਰੀ/ਏਡਿਡ ਸਕੂਲਾਂ ਦੇ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਦੀ ਐਂਟਰੀ ਕਰਨ ਉਪਰੰਤ 0/- ਫੀਸ ਦਾ ਚਲਾਨ ਨਿਰਧਾਰਤ ਸ਼ਡਿਊਲ ਅਨੁਸਾਰ ਜਨਰੇਟ ਕਰਨਾ ਲਾਜ਼ਮੀ ਹੈ|
3. ਆਨਲਾਈਨ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਦੇ ਨਿਰਧਾਰਤ ਸ਼ਡਿਊਲ ਅਨੁਸਾਰ ਫਾਈਨਲ ਸ਼ਬਮਿਸ਼ਨ ਕਰਨਾ ਸਕੂਲ ਪੱਧਰ ਤੇ ਲਾਜ਼ਮੀ ਹੈ, 0 (ਜ਼ੀਰੋ) Lot ਵਾਲੇ ਵਿਦਿਆਰਥੀਆਂ ਦੀ ਐਂਟਰੀ Dummy/ ਮੰਨਣਯੋਗ ਨਹੀਂ ਹੋਵੇਗੀ।
4. ਆਫ-ਲਾਈਨ ਜਨਰੇਟ ਕੀਤੇ ਚਲਾਨ ਉਪਰ ਦਰਜ Challan Valid Date ਤੱਕ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ।
5. ਆਨ-ਲਾਈਨ ਫਾਰਮ ਭਰਦੇ ਸਮੇਂ ਅੰਗਰੇਜ਼ੀ ਤੋਂ ਪੰਜਾਬੀ ਕੰਨਵਰਜ਼ਨ ਦੀ ਸੁਵਿਧਾ ਸਕੂਲ ਦੀ ਸਹਾਇਤਾ ਲਈ ਦਿੱਤੀ ਹੈ, ਜੇਕਰ ਕੰਨਵਰਜ਼ਨ ਸਹੀ ਨਹੀਂ ਹੁੰਦੀ ਤਾਂ ਨਾਲ ਲੱਗੇ Keyboard ਤੋਂ ਪੰਜਾਬੀ ਦੇ ਵੇਰਵੇ ਠੀਕ ਕਰਨਾ ਯਕੀਨੀ ਬਣਾਇਆ ਜਾਵੇ।
6. ਆਨ-ਲਾਈਨ ਐਂਟਰੀ ਕਰਦੇ ਸਮੇਂ Scheme of Study ਵਿੱਚ Subject Combination ਧਿਆਨ-ਪੂਰਵਕ ਚੈੱਕ ਕਰਨ ਉਪਰੰਤ ਹੀ ਗਰੁੱਪ/ਵਿਸ਼ੇ ਭਰੇ ਜਾਣ। ਫਾਈਨਲ ਸਬਮਿਸ਼ਨ ਕਰਨ ਤੋਂ ਪਹਿਲਾਂ ਗਰੁੱਪ/ਵਿਸ਼ੇ ਚੰਗੀ ਤਰ੍ਹਾਂ ਘੋਖ ਲਏ ਜਾਣ ਕਿਉਂਕਿ ਫਾਈਨਲ ਸਬਮਿਸ਼ਨ ਕਰਨ ਤੋਂ ਬਾਅਦ ਕੋਈ ਵੀ ਸੋਧ ਨਹੀਂ ਹੋ ਸਕੇਗੀ।
7. ਸਕੂਲ ਪੱਧਰ ਤੇ ਦਿੱਤੇ ਜਾਂਦੇ ਸੋਧ ਕਰਨ ਦੇ ਮੌਕੇ ਦੌਰਾਨ ਸੋਧਾਂ ਦਾ ਕੁਰੈਕਸ਼ਨ ਪ੍ਰੋਫਾਰਮਾ ਜਨਰੇਟ ਕਰਨ ਉਪਰੰਤ ਸੋਧਾਂ ਨੂੰ Verify ਕਰਨਾ ਵੀ ਯਕੀਨੀ ਬਣਾਇਆ ਜਾਵੇ। ਸੋਧਾਂ ਦਾ status updated ਸ਼ੋਅ ਹੋਣ ਦੀ ਸੂਰਤ ਵਿੱਚ ਹੀ ਸੋਧਾਂ ਨੂੰ Verify ਸਮਝਿਆ ਜਾਵੇ।
8. ਸਕੂਲਾਂ ਵੱਲੋਂ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦੀ ਫਾਈਨਲ ਸਬਮਿਸ਼ਨ ਕਰਨ ਉਪਰੰਤ ਜੇਕਰ ਕਿਸੇ ਵਿਦਿਆਰਥੀ ਨੇ ਆਪਣਾ ਸਕੂਲ ਛੱਡਕੇ ਦੂਸਰੇ ਸਕੂਲ ਵਿੱਚ ਦਾਖਲਾ ਲੈਣਾ ਹੈ ਤਾਂ ਉਸਨੂੰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ।

9. ਪੰਜਵੀਂ, ਅੱਠਵੀਂ ਤੋਂ ਗਿਆਰਵੀਂ ਸ਼੍ਰੇਣੀਆਂ ਦੇ ਦੂਜੇ ਰਾਜ/ ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਦੋਨੋਂ ਦਸਤਾਵੇਜ਼ (ਹੇਠਲੀ ਸ਼੍ਰੇਣੀ ਪਾਸ ਦਾ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫਿਕੇਟ/ ਸਕੂਲ ਲੀਵਿੰਗ ਸਰਟੀਫਿਕੇਟ/ ਅਸਲ ਮਾਈਗਰੇਸ਼ਨ (ਜਿੱਥੇ ਜੋ ਵੀ ਲਾਗੂ ਹੋਵੇ)), ਇਸ ਦੇ ਨਾਲ ਹੀ ਕੇਵਲ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਉਪਰੋਕਤ ਦਸਤਾਵੇਜ਼ਾਂ ਦੇ ਨਾਲ-ਨਾਲ ਦਸਵੀਂ ਸ਼੍ਰੇਣੀ ਪਾਸ ਦੇ ਨਤੀਜਾ ਕਾਰਡ ਦੀਆਂ ਤਸਦੀਕਸ਼ੁਦਾ ਕਾਪੀਆਂ ਅਤੇ **ਕੇਵਲ ਪੰਜਾਬ ਰਾਜ ਤੋਂ ਬਾਹਰ ਦੂਜੇ ਰਾਜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਟਰਾਂਸਫਰ ਸਰਟੀਫਿਕੇਟ/ਸਕੂਲ ਲੀਵਿੰਗ ਸਰਟੀਫਿਕੇਟ ਸਬੰਧਤ ਰਾਜ/ ਜ਼ਿਲੇ ਦੇ ਜ਼ਿਲਾ ਸਿੱਖਿਆ ਅਫਸਰ ਪਾਸੋਂ ਕਾਊਂਟਰ ਸਾਈਨ ਕਰਵਾ ਕੇ ਮਿੱਥੀ ਮਿਤੀ ਤੱਕ ਖੇਤਰੀ ਦਫਤਰਾਂ ਵਿਖੇ ਜਮ੍ਹਾਂ ਕਰਵਾਉਣੇ ਲਾਜ਼ਮੀ ਹਨ।**

10. ਜੇਕਰ ਕਿਸੇ ਵਿਦਿਆਰਥੀ ਨੂੰ ਹੇਠਲੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਤਾਂ ਆਨਲਾਈਨ ਐਂਟਰੀ ਕਰਦੇ ਸਮੇਂ ਵਿਦਿਆਰਥੀ ਦਾ ਰਜਿਸਟ੍ਰੇਸ਼ਨ ਨੰਬਰ ਭਰਨਾ ਯਕੀਨੀ ਬਣਾਇਆ ਜਾਵੇ ਅਤੇ ਪਿਛਲੇ ਤਿੰਨ ਸਾਲ ਤੋਂ ਪਹਿਲਾਂ ਵਾਲੇ ਵਿਦਿਆਰਥੀਆਂ ਦੇ ਦਸਤਾਵੇਜ਼ (ਸਮੇਤ ਸਵੈ-ਘੋਸ਼ਣਾ ਪੱਤਰ) ਸਬੂਤ ਵਜੋਂ ਬਾਕੀ ਦਸਤਾਵੇਜ਼ਾਂ ਨਾਲ ਹੀ ਖੇਤਰੀ ਦਫਤਰ ਵਿਖੇ ਹੀ ਜਮ੍ਹਾਂ ਕਰਵਾਏ ਜਾਣ।

11. ਇਹਨਾਂ ਦਸਤਾਵੇਜ਼ਾਂ ਨੂੰ ਚੰਗੀ ਤਰ੍ਹਾਂ ਘੋਖਣ ਉਪਰੰਤ ਹੀ ਜਮ੍ਹਾਂ ਕਰਵਾਇਆ ਜਾਵੇ ਕਿਉਂਕਿ ਪਿਛਲੇ ਸਾਲਾਂ ਦੌਰਾਨ ਵੇਖਣ ਵਿੱਚ ਆਇਆ ਸੀ ਕਿ ਬਹੁਤ ਸਾਰੇ ਦਸਤਾਵੇਜ਼ ਲੋੜੀਂਦੇ ਵੇਰਵਿਆਂ ਤੋਂ ਅਧੂਰੇ ਸਨ, ਜਿਸ ਕਾਰਨ ਦਫਤਰੀ ਕਰਮਚਾਰੀਆਂ ਦਾ ਕਾਫੀ ਸਮਾਂ ਬਰਬਾਦ ਹੁੰਦਾ ਹੈ ਅਤੇ ਸਕੂਲ ਅਧਿਆਪਕਾਂ/ਕਰਮਚਾਰੀਆਂ ਨੂੰ ਵੀ ਵਾਰ-ਵਾਰ ਮੁੱਖ ਦਫਤਰ ਆ ਕੇ ਆਪਣਾ ਸਮਾਂ ਅਤੇ ਸਰਮਾਇਆ ਖਰਾਬ ਕਰਨਾ ਪੈਂਦਾ ਹੈ।

12. ਜੇਕਰ ਕਿਸੇ ਵੀ ਵਿਦਿਆਰਥੀ ਦੀ ਆਨ-ਲਾਈਨ ਐਂਟਰੀ/ਫਾਈਨਲ ਸਬਮਿਸ਼ਨ, ਸਕੂਲ ਟੂ ਸਕੂਲ ਮਾਈਗ੍ਰੇਸ਼ਨ , ਇੰਟਰ ਬੋਰਡ ਮਾਈਗ੍ਰੇਸ਼ਨ ਅਤੇ ਵਿਦਿਆਰਥੀਆਂ ਦੇ ਵੇਰਵਿਆਂ, ਵਿਸ਼ਿਆਂ ਅਤੇ ਗਰੁੱਪ/ਸਟਰੀਮ ਦੀਆਂ ਸੋਧਾਂ ਕਿਸੇ ਵੀ ਕਾਰਨ ਲਈ ਫਾਈਨਲ ਸਬਮਿਸ਼ਨ ਕਰਨ ਤੋਂ ਰਹਿ ਜਾਂਦੀਆਂ ਹਨ ਤਾਂ ਇਸਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ/ਅਧਿਆਪਕ ਦੀ ਹੀ ਹੋਵੇਗੀ, ਕਿਉਂਕਿ ਇਸ ਸਾਲ ਇਸ ਵਾਰ ਕਿਸੇ ਵੀ ਸ਼ਡਿਊਲ ਜਾਂ ਮਿਤੀ ਵਿੱਚ ਕਿਸੇ ਕਿਸਮ ਦਾ ਕੋਈ ਵੀ ਵਾਧਾ ਨਹੀ ਕੀਤਾ ਜਾਵੇਗਾ ਭਾਵੇਂ ਕੋਈ ਵੀ ਕਾਰਨ ਹੋਵੇ।

**ਨੋਟ:- ਉਪਰੋਕਤ ਵਿਸ਼ੇਸ਼ ਹਦਾਇਤਾਂ ਤੋਂ ਇਲਾਵਾ ਰਜਿਸਟਰੇਸ਼ਨ/ ਕੰਟੀਨਿਊਸ਼ਨ ਕਰਨ ਸਬੰਧੀ ਵਿਸਥਾਰਤ ਸ਼੍ਰੇਣੀ- ਵਾਈਜ਼ ਹਦਾਇਤਾਂ ਨੂੰ ਵੀ ਪੜ੍ਹਨ ਉਪਰੰਤ ਹੀ ਆਨਲਾਈਨ ਪ੍ਰੋਸੈਸ ਨੂੰ ਨੇਪਰੇ ਚਾੜ੍ਹਨਾ ਯਕੀਨੀ ਬਣਾਇਆ ਜਾਵੇ।**

Raj Kumar 25/8/23

**ਸੁਪਰਡੰਟ**

**ਰਜਿਸਟਰੇਸ਼ਨ ਸ਼ਾਖਾ**